BRAMPTON Flower City
brampton.ca

media release

6 ਨਵੰਬਰ, 2018

# ਬ੍ਰੈਂਪਟਨ ਸਿਟੀਜ਼ਨ ਅਵਾਰਡਸ ਲਈ ਕਿਸੇ ਖਾਸ ਯੋਗਤਾ ਵਾਲੇ ਨਿਵਾਸੀ ਨੂੰ ਨਾਮਾਂਕਿਤ ਕਰੋ

ਬ੍ਰੈਂਪਟਨ, ਓਨਟੈਰੀਓ – ਸਿਟੀ ਆਫ ਬ੍ਰੈਂਪਟਨ (City of Brampton) ਬ੍ਰੈਂਪਟਨ ਸਿਟੀਜ਼ਨ ਅਵਾਰਡਸ (Brampton Citizens Awards) ਲਈ ਨਾਮਾਂਕਣ ਸਵੀਕਾਰ ਕਰ ਰਹੀ ਹੈ। ਮਈ 2019 ਨੂੰ ਹੋਣ ਵਾਲੇ ਅਵਾਰਡ ਸਮਾਰੋਹ ਵਿੱਚ ਸਨਮਾਨ ਦੇਣ ਲਈ 13 ਜਨਵਰੀ, 2019 ਤੋਂ ਪਹਿਲਾਂ ਕਿਸੇ ਖਾਸ ਯੋਗਤਾ ਵਾਲੇ ਐਥਲੀਟ, ਕਲਾਕਾਰ, ਸਵੈ-ਸੇਵਕ ਜਾਂ ਸਥਾਨਕ ਬਹਾਦਰ (ਹੀਰੋ) ਨੂੰ ਨਾਮਾਂਕਿਤ ਕਰੋ।

ਬ੍ਰੈਂਪਟਨ ਸਿਟੀਜ਼ਨ ਅਵਾਰਡਸ ਉਹਨਾਂ ਨਿਵਾਸੀਆਂ ਨੂੰ ਮਾਨਤਾ ਦਿੰਦੇ ਹਨ, ਜਿਹਨਾਂ ਨੇ 2018 ਕੈਲੰਡਰ ਸਾਲ ਦੇ ਦੌਰਾਨ ਅਰਥਪੂਰਨ ਯੋਗਦਾਨ ਪਾਇਆ ਹੈ ਜਾਂ ਇਹਨਾਂ ਸ਼੍ਰੇਣੀਆਂ ਵਿੱਚੋਂ ਕਿਸੇ ਇੱਕ ਵਿੱਚ ਖ਼ਾਸ ਉਪਲਬਧੀ ਹਾਸਲ ਕੀਤੀ ਹੈ:

- **ਸਪੋਰਟਸ ਅਚੀਵਮੈਂਟ ਅਵਾਰਡ (Sports Achievement Award)** ਬ੍ਰੈਂਪਟਨ ਦੇ ਉਹਨਾਂ ਐਥਲੀਟਾਂ ਨੂੰ ਮਾਨਤਾ ਦਿੰਦਾ ਹੈ, ਜਿਹਨਾਂ ਦੀਆਂ ਉਪਲਬਧੀਆਂ ਨੂੰ ਸੂਬਾਈ, ਰਾਸ਼ਟਰੀ ਜਾਂ ਅੰਤਰਰਾਸ਼ਟਰੀ ਪੱਧਰ ਤੇ ਮਾਨਤਾ ਮਿਲੀ ਹੈ।
- **ਆਰਟਸ ਅਕਲੇਮ ਅਵਾਰਡ (Arts Acclaim Award)** ਉਹਨਾਂ ਵਿਅਕਤੀਆਂ ਜਾਂ ਸਮੂਹਾਂ ਨੂੰ ਮਾਨਤਾ ਦਿੰਦਾ ਹੈ, ਕਲਾ ਦੇ ਖੇਤਰ ਵਿੱਚ ਜਿਹਨਾਂ ਦੀਆਂ ਖ਼ਾਸ ਉਪਲਬਧੀਆਂ ਨੇ ਸਿਟੀ ਆਫ ਬ੍ਰੈਂਪਟਨ ਵਿੱਚ ਭਾਈਚਾਰੇ ਤੇ ਸਕਾਰਾਤਮਕ ਅਸਰ ਪਾਇਆ ਹੈ ਅਤੇ ਕਲਾ ਨੂੰ ਉੱਨਤ ਕੀਤਾ ਹੈ।
- **ਲੌਂਗ-ਟਰਮ ਸਰਵਿਸ ਅਵਾਰਡ (Long-Term Service Award)** ਉਹਨਾਂ ਸਮਰਪਿਤ ਸਵੈ-ਸੇਵਕਾਂ (ਵਾਲੰਟੀਅਰਸ) ਨੂੰ ਮਾਨਤਾ ਦਿੰਦਾ ਹੈ, ਜਿਹਨਾਂ ਨੇ ਸਾਡੀ ਸਿਟੀ ਵਿੱਚ ਭਾਈਚਾਰਕ ਜੀਵਨ ਦੇ ਵਿਕਾਸ ਅਤੇ ਉੱਨਤੀ ਦੇ ਪ੍ਰਤੀ ਬਹੁਤ ਜ਼ਿਆਦਾ ਸਮਾਂ ਦਿੱਤਾ ਹੈ ਅਤੇ ਯਤਨ ਕੀਤੇ ਹਨ।
- **ਇੰਸਪਿਰੇਸ਼ਨਲ ਅਵਾਰਡ (Inspirational Award)** ਉਹਨਾਂ ਬ੍ਰੈਂਪਟਨ ਨਿਵਾਸੀਆਂ ਨੂੰ ਮਾਨਤਾ ਦਿੰਦਾ ਹੈ, ਜੋ ਮਨੁੱਖ ਦੇ ਹਿੱਤਾਂ ਲਈ ਕੀਤੇ ਜਾਣ ਵਾਲੇ (ਮਾਨਵ ਹਿਤੈਸ਼ੀ) ਕਾਰਜਾਂ ਦੀ ਹਿਮਾਇਤ ਕਰਦੇ ਹਨ ਅਤੇ/ਜਾਂ ਖੁਦ ਅਜਿਹੇ ਕੰਮ ਕਰਦੇ ਹਨ, ਜਾਂ ਜਿਹਨਾਂ ਨੇ ਦੂਜਿਆਂ ਤੇ ਪ੍ਰੇਰਨਾ ਦੇਣ ਵਾਲਾ ਅਸਰ ਪਾਇਆ ਹੈ।
- **ਐਮਰਜੈਂਸੀ ਸਰਵਿਸਿਜ਼ ਅਵਾਰਡ ਆਫ ਵੈਲੱਰ (Emergency Services Award of Valour)** ਕਿਸੇ ਅਜਿਹੇ ਵਿਅਕਤੀ ਜਾਂ ਵਿਅਕਤੀਆਂ ਨੂੰ ਮਾਨਤਾ ਦਿੰਦਾ ਹੈ, ਜਿਸਨੇ/ਜਿਹਨਾਂ ਨੇ ਕਿਸੇ ਦੂਜੇ ਵਿਅਕਤੀ ਦਾ ਜੀਵਨ ਬਚਾਉਣ ਲਈ ਬਹਾਦਰੀ ਵਾਲਾ ਕੰਮ ਕਰਦੇ ਹੋਏ ਸਵੈ-ਸੇਵਕ ਦੇ ਤੌਰ 'ਤੇ ਆਪਣੇ ਖੁਦ ਦੇ ਜੀਵਨ ਨੂੰ ਜੋਖਮ ਵਿੱਚ ਪਾਇਆ।
- **ਵਾਲੰਟੀਅਰ ਆਫ ਦਿ ਯੀਅਰ ਅਵਾਰਡ (Volunteer of the Year Award)** ਬ੍ਰੈਂਪਟਨ ਦੇ ਉਹਨਾਂ ਸਵੈ-ਸੇਵਕਾਂ ਨੂੰ ਮਾਨਤਾ ਦਿੰਦਾ ਹੈ, ਜਿਹਨਾਂ ਨੇ ਕਿਸੇ ਖ਼ਾਸ ਗਤੀਵਿਧੀ ਜਾਂ ਯੋਗਦਾਨ ਦੀ ਬਜਾਏ ਹਰ ਤਰ੍ਹਾਂ ਨਾਲ ਭਾਈਚਾਰਕ ਸ਼ਮੂਲੀਅਤ ਦਰਸਾਈ ਹੈ। ਇਹ ਅਵਾਰਡ ਉਹਨਾਂ ਸਥਾਨਕ ਨਿਵਾਸੀਆਂ ਨੂੰ ਮਾਨਤਾ ਦਿੰਦਾ ਹੈ, ਜੋ ਭਾਈਚਾਰਿਆਂ ਦਾ ਨਿਰਮਾਣ ਕਰਦੇ ਹਨ ਅਤੇ ਦਿਖਾ ਦਿੰਦੇ ਹਨ ਕਿ ਜੋਸ਼ ਅਤੇ ਦ੍ਰਿੜ੍ਹ ਇਰਾਦੇ ਨਾਲ ਕੀ ਹਾਸਲ ਕੀਤਾ ਜਾ ਸਕਦਾ ਹੈ। ਇਹ ਅਵਾਰਡ ਦੋ ਉਮਰ ਵਰਗਾਂ ਵਿੱਚ ਉਪਲਬਧ ਹਨ: ਅਡਲਟ, ਅਤੇ ਯੂਥ (18 ਸਾਲ ਤੋਂ ਘੱਟ ਉਮਰ ਦੇ ਸਵੈ-ਸੇਵਕਾਂ ਲਈ)।
- **ਸੀਨੀਅਰ ਆਫ ਦਿ ਯੀਅਰ ਅਵਾਰਡ (Senior of the Year Award)** ਉਸ ਵਿਅਕਤੀ ਨੂੰ ਮਾਨਤਾ ਦਿੰਦਾ ਹੈ, ਜਿਸਦੀ ਉਮਰ 65 ਤੋਂ ਵੱਧ ਹੈ, ਜਿਸਨੇ ਖ਼ਾਸ ਲੋਕ ਉਪਕਾਰੀ ਯਤਨਾਂ ਜਾਂ ਭਾਈਚਾਰਕ ਵਿਕਾਸ ਵਿੱਚ ਹਰ ਤਰ੍ਹਾਂ ਨਾਲ ਸ਼ਮੂਲੀਅਤ ਦੁਆਰਾ ਬ੍ਰੈਂਪਟਨ ਵਿੱਚ ਜੀਵਨ ਕੁਆਲਿਟੀ ਵਿੱਚ ਖ਼ਾਸ ਯੋਗਦਾਨ ਪਾਇਆ ਹੈ।

ਮਈ 2019 ਨੂੰ ਹੋਣ ਵਾਲੇ ਅਵਾਰਡ ਸਮਾਰੋਹ ਵਿੱਚ ਸਨਮਾਨ ਮਿਲਣ ਵਾਲੇ ਨਿਵਾਸੀਆਂ ਨੂੰ ਨਿਰਧਾਰਤ ਕਰਨ ਲਈ ਭਾਈਚਾਰਕ ਮੈਂਬਰਾਂ ਦੀ ਇੱਕ ਸਲੈਕਸ਼ਨ ਕਮੇਟੀ (Selection Committee) ਨਾਮਾਂਕਣਾਂ ਦੀ ਸਮੀਖਿਆ ਕਰੇਗੀ। ਕਮੇਟੀ ਵਿੱਚ ਅਵਾਰਡ ਸ਼੍ਰੇਣੀਆਂ ਵਿੱਚ ਵਿਸ਼ੇ ਸਬੰਧੀ ਮੁਹਾਰਤ ਵਾਲੇ ਵਿਅਕਤੀਆਂ ਦੇ ਨਾਲ-ਨਾਲ ਸ਼ਹਿਰ ਦੇ ਚੁਣੇ ਹੋਏ ਅਫ਼ਸਰ ਅਤੇ ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ਼ (Brampton Fire and Emergency Services), ਬ੍ਰੈਂਪਟਨ ਸਪੋਰਟਸ ਅਲਾਈਂਸ (Brampton Sports Alliance), ਬ੍ਰੈਂਪਟਨ ਸੀਨੀਅਰਸ ਕਾਉਂਸਿਲ (Brampton Seniors Council) ਅਤੇ ਪੀਲ ਰੀਜਨਲ ਪੁਲਿਸ (Peel Regional Police) ਦੇ ਪ੍ਰਤੀਨਿਧੀ ਸ਼ਾਮਲ ਹਨ।

ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲਈ ਜਾਂ ਨਾਮਾਂਕਣ ਫਾਰਮ ਪ੍ਰਾਪਤ ਕਰਨ ਲਈ, www.brampton.ca/citizensawards 'ਤੇ ਜਾਓ।

**ਹਵਾਲਾ**

"ਬ੍ਰੈਂਪਟਨ ਸਾਡੇ ਨਿਵਾਸੀਆਂ ਦੇ ਯੋਗਦਾਨਾਂ ਕਾਰਨ ਜੋਸ਼ੀਲਾ, ਸੁਆਗਤ ਕਰਨ ਵਾਲਾ, ਦਿਆਲੂ ਭਾਈਚਾਰਾ ਹੈ। ਸਿਟੀਜ਼ਨ ਅਵਾਰਡਸ ਉਹਨਾਂ ਕੁਝ ਖਾਸ ਯੋਗਤਾ ਵਾਲੇ ਵਿਅਕਤੀਆਂ ਨੂੰ ਮਾਨਤਾ ਦੇਣ ਦਾ ਮੌਕਾ ਪੇਸ਼ ਕਰਦੇ ਹਨ, ਜੋ ਸਾਡੀ ਸਿਟੀ ਨੂੰ ਹਰ ਰੋਜ਼, ਇੱਕ ਬਿਹਤਰ ਥਾਂ ਬਣਾਉਣ ਵਿੱਚ ਮਦਦ ਕਰਦੇ ਹਨ।"

- *ਸਿਟੀ ਕਾਉਂਸਲਰ ਗੁਰਪ੍ਰੀਤ ਢਿੱਲੋਂ (Gurpreet Dhillon) ਸਿਟੀਜ਼ਨ ਅਵਾਰਡਸ ਕਮੇਟੀ ਦੇ ਮੁਖੀ*

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਕ੍ਰਿਸਟੀਨ ਸ਼ਰਮਾ (Christine Sharma)
ਮੀਡੀਆ ਰਿਲੇਸ਼ਨਸ
ਸਿਟੀ ਆਫ ਬ੍ਰੈਂਪਟਨ
905.874.2880 | christine.sharma@brampton.ca